## ਚੜ੍ਹਦਾ ਸੂਰਜ

ਕਦੇ ਨਹੀਂ ਸਲਾਮ ਕਰਦਾ ਚੜ੍ਹਦੇ ਸੂਰਜ ਨੂੰ ਮੈਂ
ਸੂਰਜ ਅਕਸਰ ਢਲ ਕੇ ਮੇਰੇ ਕੋਲ ਆਇਆ ਕਰਦੇ ਨੇਂ

## ਗਿਣਤੀ

ਦੋ ਤੱਕ ਗਿਣਤੀ ਯਾਦ ਹੈ ਬਾਕੀ ਸਭ ਭੁੱਲ ਗਿਆ
ਸ਼ਾਮ ਸਵੇਰੇ ਦੋ ਰੋਟੀਆਂ ਗਿਣ ਕੇ ਖਾਇਆ ਕਰਦਾ ਹਾਂ

## ਦੰਗੇ

ਕੁਝ ਲੋਕ ਮੇਰੀ ਬਸਤੀ ਵਿਚ ਦੰਗੇ ਕਰਾਉਣਾ ਚਾਹੁੰਦੇ ਨੇ
ਪਰ ਲੋਕੀਂ ਬਹੁਤ ਸਿਆਣੇ ਨੇਂ ਦਿਲ ਨੂੰ ਸਮਝਾਇਆ ਕਰਦਾ ਹਾਂ

## ਲੜਾਈ ਅਤੇ ਤਾਸ਼

ਜੇ ਲੜਾਈ ਕਰਦਾ ਹਾਂ ਤਾਂ ਆਪਣੇ ਨਾਲ ਹੀ ਕਰਦਾ ਹਾਂ
ਆਪੇ ਹੀ ਵਾਰ ਕਰਦਾ ਹਾਂ ਆਪੇ ਬਚ ਜਾਇਆ ਕਰਦਾ ਹਾਂ

ਮੇਰੇ ਪਿਤਾ ਸ਼ਿਰੀ ਇਕੱਲੇ ਤਾਸ਼ ਖੇਡਿਆ ਕਰਦੇ ਸਨ
ਆਪਣੇ ਹੀ ਪਤੇ ਆਪਣੇ ਕੋਲੋਂ ਛੁਪਾਇਆ ਕਰਦੇ ਸਨ